ਮੌਲਾ ਅਲੀ ਜੀ ਦੀਆ ਕਹੀਆ ਸੱਚੀਆਂ ਗੱਲਾਂ

1. ਸਿਆਣਾ ਆਦਮੀ ਆਪਣੇ ਆਪ ਨੂੰ ਨੀਵਾਂ ਰੱਖ ਕੇ ਮਹਾਨਤਾ ਪ੍ਰਾਪਤ ਕਰਦਾ ਹੈ, ਅਤੇ ਮੂਰਖ ਆਦਮੀ ਆਪਣੇ ਆਪ ਨੂੰ ਮਹਾਨ ਸਮਝਦਾ ਹੈ ਅਤੇ ਅਪਮਾਨ ਸਹਿਣ ਕਰਦਾ ਹੈ।

2 "ਸਿਹਤ ਘੱਟ ਖਾਣ ਵਿੱਚ ਹੈ, ਸਿਆਣਪ ਘੱਟ ਬੋਲਣ ਵਿੱਚ ਹੈ ਅਤੇ ਘੱਟ ਸੋਣਾ ਇਬਾਦਤ ਹੈ,

3 ਸਭ ਤੋਂ ਔਖੇ ਕੰਮ ਸਭ ਤੋਂ ਵਧੀਆ ਲੋਕਾਂ ਨੂੰ ਹੀ ਸੌਂਪੇ ਜਾਂਦੇ ਹਨ ਕਿਉਂਕਿ ਉਨ੍ਹਾਂ ਕੋਲ ਉਨ੍ਹਾਂ ਨੂੰ ਹੱਲ ਕਰਨ ਦੀ ਸਮਰੱਥਾ ਹੁੰਦੀ ਹੈ।

4 ਜਿੰਨਾ ਹੋ ਸਕੇ ਲਾਲਚ ਤੋਂ ਬਚੋ, ਲਾਲਚ ਬੇਇੱਜ਼ਤੀ ਤੋਂ ਸਿਵਾਏ ਕੁਝ ਨਹੀਂ ਹੈ।

5 ਜੋ ਤੁਹਾਡੀ ਖਾਮੋਸ਼ੀ ਤੋ ਤੁਹਾਡਾ ਦਰਦ ਨਹੀਂ ਸਮਜ ਸਕਦਾ, ਉਸਦੇ ਸਾਹਮਣੇ ਜੁਬਾਨ ਨਾਲ ਇਜਹਾਰ ਕਰਨਾ ਲਫਜਾਂ ਨੂੰ ਬਰਬਾਦ ਕਰਨਾ ਹੈ,

6 ਜਿਸਦੇ ਕੱਪੜਿਆਂ ਵਿੱਚ ਦੌਲਤ ਹੈ, ਉਹ ਹਮੇਸ਼ਾ ਭਿਖਾਰੀ ਹੀ ਰਹੇਗਾ ਅਤੇ ਜਿਸਦੇ ਦਿਲ ਵਿੱਚ ਦੌਲਤ ਹੈ, ਉਹ ਹਮੇਸ਼ਾ ਖੁਸ਼ ਰਹੇਗਾ।

7 ਹਮੇਸ਼ਾ ਉਸ ਵਿਅਕਤੀ ਦੇ ਨੇੜੇ ਰਹੋ ਜੋ ਤੁਹਾਨੂੰ ਖੁਸ਼ ਰੱਖੇ, ਪਰ ਉਸ ਵਿਅਕਤੀ ਦੇ ਹੋਰ ਵੀ ਨੇੜੇ ਰਹੋ ਜੋ ਤੁਹਾਡੇ ਬਿਨਾਂ ਖੁਸ਼ ਨਹੀਂ ਰਹਿ ਸਕਦਾ।

8 ਇਨਸਾਨ ਨੂੰ ਕਿਸੇ ਸੋਹਣੇ ਇਨਸਾਨ ਨਾਲ ਪਿਆਰ ਨਹੀਂ ਹੁੰਦਾ, ਪਰ ਜਿਸ ਇਨਸਾਨ ਨਾਲ ਪਿਆਰ ਹੋ ਜਾਂਦਾ ਹੈ ਉਹ ਸੋਹਣਾ ਦਿਖਣਾ ਸ਼ੁਰੂ ਹੋ ਜਾਂਦਾ ਹੈ।

9 ਦੌਲਤ ਨੂੰ ਆਪਣੇ ਪੈਰਾਂ ਹੇਠ ਧੂੜ ਵਾਂਗ ਰੱਖੋ ਕਿਉਂਕਿ ਜਦੋਂ ਮਿੱਟੀ ਤੁਹਾਡੇ ਸਿਰ ਨੂੰ ਛੂੰਹਦੀ ਹੈ ਤਾਂ ਉਸ ਨੂੰ ਕਬਰ ਕਿਹਾ ਜਾਂਦਾ ਹੈ।

10 ਝੂਠ ਬੋਲ ਕੇ ਜਿੱਤਣ ਨਾਲੋਂ
ਸੱਚ ਬੋਲ ਕੇ ਹਾਰਨਾ ਬਿਹਤਰ ਹੈ।

11 ਜਦੋਂ ਤੁਹਾਡੇ ਲਈ ਮੁੱਖਾਆਲਫਤ ਸ਼ੁਰੂ ਹੋ ਜਾਵੇ ਤਾਂ ਸਮਝ ਲੈਣਾ ਅੱਲ੍ਹਾ ਤੁਹਾਨੂੰ ਜਗ੍ਹਾ ਦੇਣ ਜਾ ਰਿਹਾ ਹੈ।

12 ਗਿਆਨ ਦੇ ਕਾਰਨ, ਦੋਸਤਾਂ ਵਿੱਚ ਵਾਧਾ ਹੁੰਦਾ ਹੈ ਅਤੇ ਦੌਲਤ ਕਾਰਨ ਦੁਸ਼ਮਣਾਂ ਵਿੱਚ ਵਾਧਾ ਹੁੰਦਾ ਹੈ।

13 ਜੇ ਤੁਸੀਂ ਕਿਸੇ ਬਾਰੇ ਜਾਣਨਾ ਚਾਹੁੰਦੇ ਹੋ, ਤਾਂ ਪਤਾ ਕਰੋ ਕਿ ਉਹ ਵਿਅਕਤੀ ਕਿਸ ਨਾਲ ਉੱਠਦਾ ਬੈਠਦਾ ਹੈ

14 ਰਾਜ ਦਾ ਖਜ਼ਾਨਾ ਅਤੇ ਸਹੂਲਤਾਂ ਮੇਰੇ ਜਾਂ ਮੇਰੇ ਪਰਿਵਾਰ ਦੀ ਖਪਤ ਲਈ ਨਹੀਂ ਹਨ, ਮੈਂ ਸਿਰਫ਼ ਉਨ੍ਹਾਂ ਦਾ ਰਖਵਾਲਾ ਹਾਂ।

15 ਜੋ ਵਿਅਕਤੀ ਕਿਸੇ ਦੀ ਬੁਰਾਈ ਲੱਭਦਾ ਹੈ, ਉਹ ਉਸ ਮੱਖੀ ਵਾਂਗ ਹੁੰਦਾ ਹੈ ਜੋ ਪੂਰੇ ਸੁੰਦਰ ਸਰੀਰ ਨੂੰ ਛੱਡ ਕੇ ਸਿਰਫ਼ ਜ਼ਖ਼ਮ 'ਤੇ ਬੈਠ ਜਾਂਦੀ ਹੈ।

16 ਸ਼ੱਕ ਦੀ ਸਥਿਤੀ ਵਿੱਚ ਪ੍ਰਾਰਥਨਾ ਨਾਲੋਂ ਪੂਰੇ ਵਿਸ਼ਵਾਸ ਨਾਲ ਸੌਣਾ ਬਿਹਤਰ ਹੈ।

17 ਜੋ ਤੁਹਾਨੂੰ ਸੱਚਮੁੱਚ ਪਿਆਰ ਕਰਦਾ ਹੈ, ਉਹ ਤੁਹਾਨੂੰ ਬੇਕਾਰ ਅਤੇ ਨਜ਼ਾਇਜ ਕੰਮ ਕਰਨ ਤੋਂ ਰੋਕੇਗਾ।

18 ਜਦੋਂ ਮੇਰਾ ਮਨ ਚਾਂਹਦਾਂ ਕਿ ਆਪਣੇ ਰੱਬ ਨਾਲ ਗੱਲ ਕਰਾ ਤਾਂ ਮੈਂ ਇਬਾਦਤ ਕਰਦਾ ਹਾਂ।

19 ਤੁਹਾਡੇ ਕਾਰਨ ਕਿਸੇ ਦੀ ਅੱਖ ਵਿਚੋਂ ਹੰਝੂ ਨਾ ਆਵੇ ਕਿਉਕਿ
ਤੁਹਾਨੂੰ ਉਸਦੇ ਹਰ ਇੱਕ ਹੰਝੂ ਦਾ ਕਰਜ਼ਾ ਅਦਾ ਕਰਨਾ ਪਵੇਗਾ

20 ਕਦੀ ਦੂਜਿਆਂ ਲਈ ਦਿਲ ਤੋਂ ਦੁਆ ਕਰਕੇ ਦੇਖੋ ਤੁਹਾਨੂੰ ਆਪਣੇ ਲਈ ਕੁਛ ਮੰਗਣ ਦੀ ਜ਼ਰੂਰਤ ਨਹੀਂ ਪਵੇਗੀ

21 ਜੋ ਵਿਅਕਤੀ ਸੱਜਦੇ ਵਿੱਚ ਰੋਂਦਾ ਹੈ, ਉਸਨੂੰ ਆਪਣੀ ਕਿਸਮਤ 'ਤੇ ਰੋਣ ਦੀ ਲੋੜ ਨਹੀਂ ਹੈ।

22 ਗਰੀਬ ਉਹ ਹੈ ਜਿਸਦਾ ਕੋਈ ਦੋਸਤ ਨਹੀਂ

23 ਰੋਜ਼ੀ-ਰੋਟੀ ਦੀ ਭਾਲ ਵਿੱਚ ਕਦੇ ਵੀ ਅਪਣੇ ਈਮਾਨ ਨੂੰ ਖਰਾਬ ਨਾ ਕਰੋ ਕਿਉਂਕਿ ਕਿਸਮਤ ਦੀ ਰੋਜ਼ੀ-ਰੋਟੀ ਇੱਕ ਵਿਅਕਤੀ ਨੂੰ ਉਸੇ ਤਰ੍ਹਾਂ ਲੱਭਦੀ ਹੈ ਜਿਵੇਂ ਮੌਤ ਇੱਕ ਮਰ ਰਹੇ ਵਿਅਕਤੀ ਨੂੰ ਲੱਭਦੀ ਹੈ।

24 ਮਨੁੱਖ ਲਈ ਆਪਣੇ ਦੁਸ਼ਮਣ ਤੋਂ ਬਦਲਾ ਲੈਣ ਦਾ ਸਭ ਤੋਂ ਵਧੀਆ ਤਰੀਕਾ ਹੈ ਕਿ ਆਪਣੇ ਗੁਣਾਂ ਨੂੰ ਵਧਾਉਣਾ ਸੁਰੂ ਕਰ ਦੇਵੇ

25 ਵਿਅਕਤੀ ਦੀ ਜ਼ੁਬਾਨ ਉਸਦੀ ਅਕਲ ਨੂੰ ਪ੍ਰਗਟ ਕਰਦੀ ਹੈ ਅਤੇ ਵਿਅਕਤੀ ਆਪਣੀ ਜ਼ੁਬਾਨ ਦੇ ਹੇਠਾਂ ਲੁਕਿਆ ਹੋਇਆ ਹੁੰਦਾ ਹੈ।

26 ਹਰ ਹਾਲਤ ਵਿੱਚ ਆਪਣੇ ਦੋਸਤਾਂ ਦੇ ਦੁੱਖ ਵਿੱਚ ਸ਼ਾਮਲ ਹੋਵੋ, ਪਰ ਉਨ੍ਹਾਂ ਦੀ ਖੁਸ਼ੀ ਵਿੱਚ ਸ਼ਾਮਲ ਨਾ ਹੋਵੋ ਜਦੋਂ ਤੱਕ ਉਹ ਖੁਦ ਤੁਹਾਨੂੰ ਸੱਦਾ ਨਾ ਦੇਣ।

27 ਅਧਿਕਾਰ, ਸ਼ਕਤੀ ਅਤੇ ਦੌਲਤ ਅਜਿਹੀਆਂ ਚੀਜ਼ਾਂ ਹਨ ਜਿਨ੍ਹਾਂ ਨੂੰ ਪ੍ਰਾਪਤ ਕਰਨ 'ਤੇ, ਲੋਕ ਬਦਲਦੇ ਨਹੀਂ ਸਗੋਂ ਮਖੌਟੇ ਬਣ ਜਾਂਦੇ ਹਨ।

28 ਜੇਕਰ ਦੋਸਤ ਬਣਾਉਣਾ ਤੁਹਾਡੀ ਕਮਜ਼ੋਰੀ ਹੈ ਤਾਂ ਤੁਸੀਂ ਦੁਨੀਆ ਦੇ ਸਭ ਤੋਂ ਸ਼ਕਤੀਸ਼ਾਲੀ ਵਿਅਕਤੀ ਹੋ...

29 ਇੱਕ ਵਿਅਕਤੀ ਨਿਰਾਸ਼ ਅਤੇ ਪਰੇਸ਼ਾਨ ਹੋ ਜਾਂਦਾ ਹੈ ਕਿਉਂਕਿ ਉਹ ਆਪਣੇ ਰੱਬ ਨੂੰ ਖੁਸ਼ ਕਰਨ ਦੀ ਬਜਾਏ, ਲੋਕਾਂ ਨੂੰ ਖੁਸ਼ ਕਰਨ ਵਿੱਚ ਰੁੱਝਿਆ ਰਹਿੰਦਾ ਹੈ।

30 ਕਦੇ ਵੀ ਆਪਣੀ ਸਰੀਰਕ ਤਾਕਤ ਅਤੇ ਦੌਲਤ 'ਤੇ ਭਰੋਸਾ ਨਾ ਕਰੋ ਕਿਉਂਕਿ ਬਿਮਾਰੀ ਅਤੇ ਗਰੀਬੀ ਆਉਣ ਵਿੱਚ ਦੇਰ ਨਹੀਂ ਲਗਦੀ।

31 ਅਪਮਾਨਿਤ ਹੋਣ ਨਾਲੋਂ ਦੁੱਖ ਝੱਲਣਾ ਬਿਹਤਰ ਹੈ।

32 ਤੁਹਾਡੀ ਆਤਮਾ ਦੀ ਕੀਮਤ ਜੱਨਤ ਹੈ, ਇਸਨੂੰ ਜੱਨਤ ਤੋਂ ਘੱਟ ਵਿੱਚ ਨਾ ਵੇਚੋ। (ਭਾਵ ਹਮੇਸ਼ਾ ਅੱਛੇ ਕਮ ਕਰੋ ਅਤੇ ਮਰਨ ਤੋ ਬਾਦ ਆਤਮਾ ਨੂੰ ਵਧੀਆ ਜੱਗਾ ਹੀ ਮਿਲੇਗੀ ਹਮੇਸ਼ਾ ਹੱਕ ਤੇ ਸੱਚ ਨਾਲ ਰਹਿਣਾ)

33 ਹਮੇਸ਼ਾ ਸਮਝੌਤਾ ਕਰਨਾ ਸਿੱਖੋ ਕਿਉਂਕਿ ਥੋੜ੍ਹਾ ਜਿਹਾ ਝੁਕ ਜਾਣਾ ਕਿਸੇ ਵੀ ਰਿਸ਼ਤੇ ਨੂੰ ਹਮੇਸ਼ਾ ਲਈ ਤੋੜਨ ਨਾਲੋਂ ਬਿਹਤਰ ਹੈ।

34 ਜੋ ਤੁਹਾਨੂੰ ਸਿਰਫ਼ ਲੋੜ ਪੈਣ 'ਤੇ ਹੀ ਯਾਦ ਕਰਦੇ ਹਨ, ਉਨ੍ਹਾਂ ਦੀ ਮਦਦ ਜ਼ਰੂਰ ਕਰੋ ਕਿਉਂਕਿ ਉਹ ਹਨੇਰੇ ਵਿੱਚ ਰੌਸ਼ਨੀ ਦੀ ਭਾਲ ਕਰਦੇ ਹਨ ਅਤੇ ਉਹ ਰੌਸ਼ਨੀ ਤੁਸੀਂ ਹੋ।

35 ਦੁਨੀਆਂ ਅਮਲ ਦੀ ਜਗ੍ਹਾ ਹੈ, ਮੌਤ ਤੋਂ ਬਾਅਦ ਅਸੀਂ ਅਤੇ ਤੁਸੀਂ ਜਾਣਾਂਗੇ (ਭਾਵ ਵਧੀਆ ਗੱਲਾਂ ਨੂੰ ਪ੍ਰਾਪਤ ਕਰਨਾ ਅਤੇ ਚੰਗੇ ਰਾਸਤੇ ਉਤੇ ਚੱਲਣਾ, ਇਸ ਦਾ ਨਤੀਜਾ ਅਸੀਂ ਅਤੇ ਤੁਸੀਂ ਮੌਤ ਤੋ ਬਾਦ ਵੇਖ ਲਵੋਗੇ

36 ਹਮੇਸ਼ਾ ਜ਼ਾਲਮਾ ਦੇ ਦੁਸ਼ਮਣ ਅਤੇ ਮਜ਼ਲੂਮਾਂ ਦੇ ਸਹਾਇਕ ਬਣ ਕੇ ਰਹਿਣਾ

37 ਖੁਸ਼ੀ ਲਈ ਕੋਈ ਪਾਪ ਨਾ ਕਰੋ ਕਿਉਂਕਿ ਜਦੋਂ ਖੁਸ਼ੀ ਖਤਮ ਹੋ ਜਾਂਦੀ ਹੈ, ਤਾਂ ਪਾਪ ਰਹ ਜਾਂਦਾ ਹੈ ਅਤੇ ਦਰਦ ਕਾਰਨ ਕੋਈ ਵੀ ਨੇਕ ਕੰਮ ਨਾ ਛੱਡੋ ਕਿਉਂਕਿ ਦਰਦ ਖਤਮ ਹੋ ਜਾਵੇਗਾ ਪਰ ਨੇਕ ਕੰਮ ਹਮੇਸ਼ਾ ਰਹੇਗਾ ।

38 ਜਦੋਂ ਤੁਸੀਂ ਰਹਮਤਾ ਲਈ ਸ਼ੁਕਰਗੁਜ਼ਾਰ ਹੁੰਦੇ ਹੋ, ਤਾਂ ਉਹ ਕਦੇ ਖਤਮ ਨਹੀਂ ਹੁੰਦੀਆਂ।

39 ਕਿਸੇ ਅਕਲਮੰਦ ਦੇ ਸਾਹਮਣੇ ਸਿਆਣਪ ਦੀ ਗੱਲ ਨਾ ਕਰੋ, ਪਹਿਲਾਂ ਉਹ ਬਹਿਸ ਕਰੇਗਾ ਅਤੇ ਫਿਰ ਆਪਣੀ ਹਾਰ ਦੇਖ ਕੇ ਤੁਹਾਡਾ ਦੁਸ਼ਮਣ ਬਣ ਜਾਵੇਗਾ।

40 ਇੱਕ ਸਮਾਂ ਆਵੇਗਾ ਜਦੋਂ ਲੋਕ ਆਪਣੇ ਰੱਬ ਨੂੰ ਭੁੱਲ ਜਾਣਗੇ, ਬਹੁਤ ਮਹਿੰਗੇ ਕੱਪੜੇ ਪਾ ਕੇ ਬਾਜ਼ਾਰ ਵਿੱਚ ਮਾਣ ਨਾਲ ਘੁੰਮਣਗੇ ਅਤੇ ਇਸ ਗੱਲ ਤੋਂ ਅਣਜਾਣ ਹੋਣਗੇ ਕਿ ਉਨ੍ਹਾਂ ਦਾ ਕਫ਼ਨ ਉਸੇ ਬਾਜ਼ਾਰ ਵਿੱਚ ਮੌਜੂਦ ਹੈ।

41 ਜੇਕਰ ਕੋਈ ਵਿਅਕਤੀ ਆਪਣੀ ਭੁੱਖ ਮਿਟਾਉਣ ਲਈ ਰੋਟੀ ਚੋਰੀ ਕਰਦਾ ਹੈ, ਤਾਂ ਚੋਰ ਦਾ ਹੱਥ ਕੱਟਣ ਦੀ ਬਜਾਏ, ਰਾਜੇ ਦਾ ਹੱਥ ਕੱਟ ਦੇਣਾ ਚਾਹੀਦਾ ਹੈ।

42 ਹਰ ਗਾਲ਼ ਜੋ ਤੁਸੀਂ ਮਜ਼ਾਕ ਜਾਂ ਗੁੱਸੇ ਵਿੱਚ ਦਿੰਦੇ ਹੋ, ਤੁਹਾਡੀ ਕਬਰ ਵਿੱਚ ਇੱਕ ਬਿੱਛੂ ਬਣ ਜਾਂਦਾ ਹੈ।

43 ਜਦੋਂ ਤੁਸੀਂ ਆਪਣੇ ਪਾਪਾਂ ਦੇ ਬਾਵਜੂਦ ਅੱਲ੍ਹਾ ਦੀਆਂ ਨੇਮਤਾ ਪ੍ਰਾਪਤ ਕਰਦੇ ਰਹਿੰਦੇ ਹੋ, ਤਾਂ ਤੁਹਾਨੂੰ ਹੁਸ਼ਿਆਰ ਹੋਣਾ ਚਾਹੀਦਾ ਹੈ ਕਿਉ ਕਿ ਤੁਹਾਡਾ ਹਿਸਾਬ ਨੇੜੇ ਅਤੇ ਸਖ਼ਤ ਹੋਣ ਵਾਲਾ ਹੈ।

44 ਕਿਸੇ ਨੇ ਹਜ਼ਰਤ ਅਲੀ ਨੂੰ ਪੁੱਛਿਆ, "ਜਿਨ੍ਹਾਂ ਦੀ ਮਾਂ ਨਹੀਂ ਹੈ, ਉਨ੍ਹਾਂ ਦੇ ਬੱਚਿਆਂ ਨੂੰ ਕੌਣ ਅਸੀਸ ਦਿੰਦਾ ਹੈ?"
ਮੌਲਾ ਅਲੀ ਨੇ ਜਵਾਬ ਦਿੱਤਾ," ਕੋਈ ਝੀਲ ਅਗਰ ਸੁੱਕ ਜਾਵੇ, ਪਰ ਮਿੱਟੀ ਵਿੱਚ ਨਮੀ ਬਰਕਰਾਰ ਰਹਿੰਦੀ ਹੈ।" ਇਸੇ ਤਰ੍ਹਾਂ, ਮਾਂ ਵੀ ਮੌਤ ਤੋਂ ਬਾਅਦ ਆਪਣੇ ਬੱਚਿਆਂ ਨੂੰ ਅਸੀਸ ਦਿੰਦੀ ਰਹਿੰਦੀ ਹੈ।

45 ਆਪਣੇ ਸਰੀਰ ਨੂੰ ਲੋੜ ਤੋਂ ਵੱਧ ਨਾ ਸਵਾਰੋ, ਕਿਉਂਕਿ ਇਹ ਮਿੱਟੀ ਵਿੱਚ ਵਾਪਸ ਚਲਾ ਜਾਵੇਗਾ। ਜੇ ਸਵਾਰਨਾ ਹੈ , ਤਾਂ ਆਪਣੀ ਰੂਹ ਨੂੰ ਸਵਾਰੋ, ਕਿਉਂਕਿ ਇਸ ਨੂੰ ਤੁਹਾਡੇ ਰੱਬ ਕੋਲ ਵਾਪਸ ਜਾਣਾ ਹੈ

46 ਚੰਗੇ ਲੋਕਾਂ ਦੀ ਸੰਗਤ ਤੋਂ ਹਮੇਸ਼ਾ ਚੰਗੀਆਂ ਚੀਜ਼ਾਂ ਮਿਲਦੀਆਂ ਹਨ ਕਿਉਂਕਿ ਜਦੋਂ ਹਵਾ ਫੁੱਲਾਂ ਵਿੱਚੋਂ ਲੰਘਦੀ ਹੈ, ਤਾਂ ਇਹ ਖੁਸ਼ਬੂਦਾਰ ਵੀ ਹੋ ਜਾਂਦੇ ਹਨ।

47 ਨਮਾਜ ਦੀ ਫਿਕਰ ਅਪਣੇ ਉਪਰ ਫਰਜ਼ ਕਰੋ , ਮੈਂ ਰੱਬ ਦੀ ਸੌਂਹ ਖਾਂਦਾ ਹਾਂ, ਤੁਸੀਂ ਦੁਨੀਆ ਦੀਆਂ ਚਿੰਤਾਵਾਂ ਤੋਂ ਮੁਕਤ ਹੋਵੋਗੇ, ਅਤੇ ਸਫਲਤਾ ਤੁਹਾਡੇ ਪੈਰ ਚੁੰਮੇਗੀ।

48 ਕਿਸੇ ਨੇ ਹਜ਼ਰਤ ਅਲੀ ਨੂੰ ਪੁੱਛਿਆ, "ਦੋਸਤ ਅਤੇ ਭਰਾ ਵਿੱਚ ਕੀ ਫ਼ਰਕ ਹੈ?
" ਹਜ਼ਰਤ ਅਲੀ ਨੇ ਜਵਾਬ ਦਿੱਤਾ,
"ਇੱਕ ਭਰਾ ਸੋਨੇ ਵਰਗਾ ਹੁੰਦਾ ਹੈ, ਅਤੇ ਇੱਕ ਦੋਸਤ ਹੀਰੇ ਵਰਗਾ ਹੁੰਦਾ ਹੈ।"
ਆਦਮੀ ਨੇ ਪੁੱਛਿਆ, "ਤੁਸੀਂ ਇੱਕ ਭਰਾ ਦੀ ਤੁਲਨਾ ਘੱਟ ਕੀਮਤੀ ਚੀਜ਼ ਨਾਲ ਅਤੇ ਇੱਕ ਦੋਸਤ ਦੀ ਤੁਲਨਾ ਕਿਸੇ ਹੋਰ ਕੀਮਤੀ ਚੀਜ਼ ਨਾਲ ਕਿਉਂ ਕੀਤੀ?"
ਹਜ਼ਰਤ ਅਲੀ ਨੇ ਜਵਾਬ ਦਿੱਤਾ, "ਜੇ ਸੋਨੇ ਵਿੱਚ ਦਰਾੜ ਪੈ ਜਾਂਦੀ ਹੈ, ਤਾਂ ਇਸਨੂੰ ਪਿਘਲਾ ਕੇ ਪਹਿਲਾਂ ਵਾਂਗ ਬਣਾਇਆ ਜਾ ਸਕਦਾ ਹੈ।
ਹਾਲਾਂਕਿ, ਜੇਕਰ ਇੱਕ ਹੀਰੇ ਵਿੱਚ ਇੱਕ ਵੀ ਦਰਾੜ ਪੈ ਜਾਂਦੀ ਹੈ, ਤਾਂ ਇਸਨੂੰ ਕਦੇ ਵੀ ਪਹਿਲਾਂ ਵਰਗਾ ਨਹੀਂ ਬਣਾਇਆ ਜਾ ਸਕਦਾ।"

49 ਅੱਖੰਲਾਕ ਦੁਕਾਨ ਹੈ ਅਤੇ ਜੀਭ ਇਸਦਾ ਤਾਲਾ . ਜਦੋਂ ਤਾਲਾ ਖੁੱਲ੍ਹਦਾ ਹੈ, ਤਾਂ ਸਾਨੂੰ ਪਤਾ ਲੱਗਦਾ ਹੈ ਕਿ ਦੁਕਾਨ ਸੋਨੇ ਦੀ ਹੈ ਜਾਂ ਕੋਲੇ ਦੀ।

50 ਜਿਸ ਇਨਸਾਨ ਵਿੱਚ ਵਫ਼ਾਦਾਰੀ ਨਹੀਂ
ਉਸ ਨਾਲ ਦੋਸਤੀ ਕਰਨ ਦਾ ਮਤਲਬ ਹੈ ਆਪਣੇ ਆਪ ਨੂੰ ਜਲੀਲ ਕਰਨਾ
ਅਰਬੀ ਤੋ ਹਿੰਦੀ

ਹਿੰਦੀ ਤੋ ਪੰਜਾਬੀ ਅਨੁਵਾਦ ਕਰਨ ਵਾਲਾ

ਲੇਖਕ ਤਰੁਣ ਲੁਧਿਆਣੇ ਵਾਲਾ

@tarrunofficial